## ਮਿਤੀ 29-11-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ:131<br>ਮਿਤੀ:29-11-22<br>ਜੁਰਮ:346,ਆਈ.ਪੀ.ਸੀ.<br>ਥਾਣਾ:- ਮਟੌਰ | ਗੁਰਦੇਵ ਸਿੰਘ ਬਾਠ ਪੁੱਤਰ ਲੇਟ ਨਰੰਜਣ ਸਿੰਘ ਵਾਸੀ ਮਕਾਨ ਨੰ.984 ਫੇਸ-3ਬੀ2 ਮੋਹਾਲੀ ਜਿਲਾ ਐਸ.ਏ.ਐਸ ਨਗਰ<br>75089-01475 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰਾ ਵੱਡਾ ਲੜਕਾ ਪਲਵਿੰਦਰ ਸਿੰਘ ਜੋ ਇਟਲੀ ਵਿੱਚ ਰਹਿੰਦਾ ਹੈ। ਜਿਸ ਦੇ ਦੋ ਬੇਟੇ ਹਨ ਮਹਿਤਾਬ ਸਿੰਘ ਤੇ ਆਫਤਾਬ ਸਿੰਘ ਉਰਫ ਰੌਬੀ। ਮੇਰੇ ਲੜਕੇ ਪਲਵਿੰਦਰ ਸਿੰਘ ਦਾ ਆਪਣੀ ਪਤਨੀ ਨਾਲ ਤਲਾਕ ਨਾਲ ਹੋਣ ਕਾਰਨ ਮੇਰਾ ਪੋਤਰਾ ਆਫਤਾਬ ਸਿੰਘ ਉਰਫ ਰੌਬੀ ਉਮਰ ਕਰੀਬ 18 ਸਾਲ 06 ਮਹੀਨੇ ਮੇਰੇ ਪਾਸ ਹੀ ਰਹਿੰਦਾ ਹੈ। ਜੋ ਮਿਤੀ 03/04-11-22 ਨੂੰ ਘਰੋਂ ਇਹ ਕਹਿ ਕੇ ਗਿਆ ਸੀ ਕਿ ਉਹ ਆਪਣੇ ਦੋਸਤ ਆਰੀਅਨ ਪਾਸ ਚੰਡੀਗੜ੍ਹ ਜਾ ਰਿਹਾ ਹੈ। ਜੋ ਹੁਣ ਤੱਕ ਘਰ ਵਾਪਿਸ ਨਹੀਂ ਆਇਆ। ਜਿਸ ਦਾ ਮੋਬਾਈਲ ਵੀ ਬੰਦ ਆ ਰਿਹਾ ਹੈ। ਜਿਸ ਦੀ ਮੈਂ ਹੁਣ ਤੱਕ ਆਪਣੇ ਤੌਰ ਤੇ ਕਾਫੀ ਭਾਲ ਕੀਤੀ ਜੋ ਨਹੀਂ ਮਿਲਿਆ। ਮੈਨੂੰ ਸ਼ੱਕ ਹੈ ਕਿ ਕਿਸੇ ਨਾ-ਮਾਲੂਮ ਵਿਅਕਤੀ ਜਾਂ ਵਿਅਕਤੀਆਂ ਨੇ ਮੇਰੇ ਪੋਤਰੇ ਆਫਤਾਬ ਸਿੰਘ ਨੂੰ ਕਿਸੇ ਨਾ-ਮਾਲੂਮ ਜਗ੍ਹਾ ਪਰ ਦੋਸ਼ ਪੂਰਵਕ ਬੰਦੀ ਬਣਾ ਕੇ ਰੱਖਿਆ ਹੋਇਆ ਹੈ। |
| 2 | ਮੁਕੱਦਮਾ ਨੰ: 146<br>ਮਿਤੀ:29-11-22<br>ਜੁਰਮ:323,341,506, 148,149, ਆਈ.ਪੀ.ਸੀ<br>ਥਾਣਾ:-ਬਲੌਂਗੀ | ਸੁਰਮੁੱਖ ਸਿੰਘ ਪੁੱਤਰ ਲੇਟ ਜਸਵੰਤ ਸਿੰਘ ਵਾਸੀ ਪਿੰਡ ਰਾਏਪੁਰ ਥਾਣਾ ਬਲੌਂਗੀ ਜਿਲਾ ਐਸ.ਏ.ਐਸ. ਨਗਰ ਉਮਰ ਕਰੀਬ 49 ਸਾਲ<br>98143-52612 | 1) ਪਰਮਜੀਤ ਸਿੰਘ<br>2) ਅਮਰ ਸਿੰਘ, ਪੁੱਤਰਾਨ ਲੇਟ ਜਸਵੰਤ ਸਿੰਘ<br>3) ਜਤਿੰਦਰ ਸਿੰਘ<br>4) ਰਵਿੰਦਰ ਸਿੰਘ, ਪੁੱਤਰਾਨ ਅਮਰ ਸਿੰਘ<br>5) ਇੰਦਰਜੀਤ ਸਿੰਘ<br>6) ਇੰਦਰਪਾਲ ਸਿੰਘ, ਪੁੱਤਰਾਨ ਪਰਮਜੀਤ ਸਿੰਘ ਵਾਸੀਆਨ ਪਿੰਡ ਰਾਏਪੁਰ ਥਾਣਾ ਬਲੌਂਗੀ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਖੇਤੀਬਾੜੀ ਦਾ ਕੰਮ ਕਰਦਾ ਹਾਂ। ਅਸੀਂ 03 ਭਰਾ ਹਾਂ। ਸਾਡੀ ਪਿੰਡ ਰਾਏਪੁਰ ਵਿੱਚ ਸਾਂਝੀ ਵੰਡ ਜਮੀਨ ਹੈ। ਮਿਤੀ 01-11-22 ਨੂੰ ਮੈਂ ਆਪਣੇ ਖੇਤ ਵਿੱਚ ਗੇੜਾ ਮਾਰਨ ਗਿਆ ਜਿੱਥੇ ਮੇਰੇ ਭਰਾ ਅਮਰ ਸਿੰਘ ਤੇ ਪਰਮਜੀਤ ਸਿੰਘ ਅਤੇ ਉਹਨਾਂ ਨੇ ਲੜਕੇ ਜ਼ਮੀਨ ਤੇ ਫਰੰਟ ਤੇ ਦੀਵਾਰ ਬਣਾ ਰਹੇ ਸੀ ਜਿਹਨਾਂ ਨੂੰ ਮੈਂ ਕਿਹਾ ਆਪਾਂ ਜ਼ਮੀਨ ਦੇ ਮਿਣਤੀ ਕਰਵਾ ਕੇ ਪੱਕੀ ਵੰਡ ਕਰਵਾ ਲੈਂਦੇ ਹਾਂ। ਜਿਸ ਤੇ ਉਕਤ ਦੋਸ਼ੀਆਨ ਮੇਰੇ ਨਾਲ ਲੜਾਈ ਝਗੜਾ ਕਰਨ ਲੱਗੇ ਤਾਂ ਮੈਂ ਟਲਦਾ ਹੋਇਆ ਪਿੰਡ ਵੱਲ ਨੂੰ ਆ ਗਿਆ। ਤਾਂ ਉਕਤਾਨ ਦੋਸ਼ੀਆਨ ਨੇ ਮੈਨੂੰ ਰਸਤੇ ਵਿੱਚ ਘੇਰ ਲਿਆ ਅਤੇ ਡੰਡਿਆਂ ਨਾਲ ਮੇਰੀ ਕੁੱਟਮਾਰ ਕੀਤੀ। ਮੈਂ ਆਪਣੇ ਸਾਲੇ ਹਰਵਿੰਦਰ ਸਿੰਘ ਨੂੰ ਫੋਨ ਕੀਤਾ ਜਿਸ ਨੇ ਮੈਨੂੰ ਚੁੱਕ ਕੇ ਸਿਵਲ ਹਸਪਤਾਲ ਖਰੜ ਵਿਖੇ ਦਾਖਲ ਕਰਵਾਇਆ। ਉਕਤਾਨ ਦੋਸ਼ੀਆਨ ਨਾਲ ਮੇਰੀ ਹੁਣ ਤੱਕ ਰਾਜੀਨਾਮੇ ਦੀ ਗੱਲ ਚੱਲਦੀ ਰਹੀ ਜੋ ਸਿਰੇ ਨਾ ਚੜ ਸਕੀ। ਜਿਸ ਤੇ ਹੁਣ ਮੈਂ ਉਕਤਾਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 3 | ਮੁਕੱਦਮਾ ਨੰ:87<br>ਮਿਤੀ:29-11-22<br>ਜੁਰਮ:379, ਆਈ.ਪੀ.ਸੀ<br>ਥਾਣਾ:- ਸਿਟੀ ਕੁਰਾਲੀ | ਮਨਮੋਹਨ ਸਿੰਘ ਪੁੱਤਰ ਨਾਨਕ ਸਿੰਘ ਵਾਸੀ ਪਿੰਡ ਸੋਤਲ ਥਾਣਾ ਸਿੰਘ ਭਗਵੰਤਪੁਰਾ ਜਿਲਾ ਰਪਨਗਰ<br>94172-39192 | ਨਾ-ਮਾਲੂਮ ਵਿਅਕਤੀ/ਵਿਅਕਤੀਆਂ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਡਾਕਖਾਨਾ ਸਿੰਘਪੁਰਾ ਰੋਡ ਕੁਰਾਲੀ ਵਿਖੇ ਨੌਕਰੀ ਕਰਦਾ ਹਾਂ। ਮਿਤੀ 16-11-22 ਨੂੰ ਮੈਂ ਰੋਜ਼ ਦੀ ਤਰਾਂ ਆਪਣੇ ਮੋਟਰ ਸਾਈਕਲ ਨੰਬਰੀ ਪੀ.ਬੀ-27ਸੀ-8440 ਮਾਰਕਾ ਸਪਲੈਂਡਰ ਰੰਗ ਕਾਲਾ ਤੇ ਸਵਾਰ ਹੋ ਕੇ ਆਪਣੀ ਡਿਊਟੀ ਤੇ ਆਇਆ ਸੀ। ਮੈਂ ਆਪਣਾ ਮੋਟਰ ਸਾਈਕਲ ਵਕਤ ਕਰੀਬ 09:00 ਵਜੇ ਸਵੇਰੇ ਡਾਕਖਾਨੇ ਦੇ ਬਾਹਰ ਖੜਾ ਕਰਕੇ ਅੰਦਰ ਆਪਣੀ ਡਿਊਟੀ ਤੇ ਚਲਾ ਗਿਆ ਸੀ। ਜਦੋਂ ਡਿਊਟੀ ਖਤਮ ਹੋਣ ਤੋਂ ਬਾਅਦ ਮੈਂ ਦੇਖਿਆ ਤਾਂ ਮੇਰਾ ਉਕਤ ਮੋਟਰ ਸਾਈਕਲ ਆਪਣੀ ਜਗਾ ਪਰ ਨਹੀਂ ਸੀ। ਜਿਸ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ ਜਿਸ ਦੀ ਮੈਂ ਆਪਣੇ ਤੌਰ ਪਰ ਕਾਫੀ ਭਾਲ ਕੀਤੀ ਜੋ ਨਹੀਂ ਮਿਲਿਆ। ਜਿਸ ਤੇ ਹੁਣ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 4 | ਮੁਕੱਦਮਾ ਨੰ:127<br>ਮਿਤੀ:29-11-22<br>ਜੁਰਮ:323,324,341,<br>342,365,307,427,<br>506,148,149,<br>ਆਈ.ਪੀ.ਸੀ.<br>ਥਾਣਾ:- ਮੁੱਲਾਂਪੁਰ | ਹਰਪਾਲ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਹੰਬੜਾਂ ਜਿਲਾ ਲੁਧਿਆਣਾ<br>ਉਮਰ 32 ਸਾਲ<br>79869-20390 | 1) ਜਸਪ੍ਰੀਤ ਸਿੰਘ ਪੁੱਤਰ ਸਤਵਿੰਦਰ ਸਿੰਘ<br>2) ਮਨਿੰਦਰ ਸਿੰਘ ਉਰਫ ਵਿੱਕੀ ਪੁੱਤਰ ਸਤਵਿੰਦਰ ਸਿੰਘ<br>3) ਆਕਾਸ਼ਦੀਪ ਸਿੰਘ ਪੁੱਤਰ ਕੁਲਦੀਪ ਸਿੰਘ<br>4) ਕਲਵਿੰਦਰ ਕੌਰ ਪਤਨੀ ਕੁਲਦੀਪ ਸਿੰਘ, ਵਾਸੀਆਨ ਪਿੰਡ ਭੜੌਂਜੀਆਂ ਥਾਣਾ ਮੁੱਲਾਂਪੁਰ ਅਤੇ 10-12 ਨਾ-ਮਾਲੂਮ ਵਿਅਕਤੀਆਂ | ਮੁਦੱਈ ਮੁਕੱਦਮਾ ਨੇ ਬਿਆਂਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਮੇਰੀ ਸ਼ਾਦੀ ਮਿਤੀ 14-09-21 ਨੂੰ ਨਵਨੀਤ ਕੌਰ ਪੁੱਤਰੀ ਕੁਲਦੀਪ ਸਿੰਘ ਵਾਸੀ ਪਿੰਡ ਭੜੌਂਜੀਆਂ ਨਾਲ ਘਰੋਂ ਭੱਜ ਕੇ ਹਾਈਕੋਰਟ ਜਾ ਕੇ ਕਰਵਾਈ ਸੀ। ਮੇਰੀ ਘਰਵਾਲੀ ਦੀ ਮਾਤਾ ਕੁਲਵਿੰਦਰ ਕੌਰ ਨੇ ਅੱਜ ਮੈਨੂੰ ਤੇ ਮੇਰੀ ਘਰਵਾਲੀ ਨਵਨੀਤ ਕੌਰ ਨੂੰ ਫੋਨ ਕਰਕੇ ਘਰ ਬੁਲਾਇਆ ਕਿ ਤੁਸੀਂ ਘਰ ਆ ਜਾਓ ਤੇ ਕੁੱਝ ਸਮਾਨ ਲੈ ਜਾਓ। ਜਿਸ ਤੇ ਅਸੀਂ ਦੋਵੇਂ ਵਕਤ ਕਰੀਬ 11:00ਏ.ਐਮ ਪਰ ਭੜੌਂਜੀਆਂ ਲਾਈਟ ਪੁਆਇੰਟ ਪਰ ਪਹੁੰਚ ਗਏ। ਤਾਂ ਉਕਤਾਨ ਦੋਸ਼ੀਆਨ ਨੇ ਇੰਨੋਵਾ ਕਾਰ ਨੰਬਰੀ ਸੀ.ਐਚ-01ਬੀ.ਐਚ-1804 ਅਤੇ ਟਰੈਕਟਰ ਸੋਨਾਲੀਕਾ ਲਿਆ ਕੇ ਮੇਰੀ ਗੱਡੀ ਵਿੱਚ ਮਾਰੇ ਅਤੇ ਇਹਨਾਂ ਨੇ ਮੇਰੀ ਘਰਵਾਲੀ ਨੂੰ ਗੱਡੀ ਵਿੱਚੋਂ ਕੱਢ ਕੇ ਕੁੱਟਮਾਰ ਕਰਕੇ ਆਪਣੀ ਗੱਡੀ ਵਿੱਚ ਬਿਠਾ ਲਿਆ। ਅਕਾਸ਼ਦੀਪ ਨੇ ਮੈਨੂੰ ਗੱਡੀ ਵਿੱਚੋਂ ਬਾਹਰ ਕੱਢਿਆ ਅਤੇ ਜਸਪ੍ਰੀਤ ਸਿੰਘ ਨੇ ਕਿਰਪਾਨ ਨਾਲ ਮੇਰੇ ਤੇ ਵਾਰ ਕੀਤਾ। ਫਿਰ ਇਹਨਾਂ ਨੇ ਲੋਹੇ ਦੀ ਰਾੜ ਨਾਲ ਮੇਰੀ ਕੁੱਟਮਾਰ ਕੀਤੀ ਅਤੇ ਮੈਨੂੰ ਇੰਨੋਵਾ ਗੱਡੀ ਵਿੱਚ ਸੁੱਟ ਕੇ ਮੋਟਰ ਤੇ ਲੈ ਗਏ ਜਿੱਥੇ ਲਿਜਾ ਕੇ ਮੇਰੀ ਅਤੇ ਮੇਰੀ ਘਰਵਾਲੀ ਦੀ ਕੁੱਟਮਾਰ ਕੀਤੀ ਅਤੇ ਕਹਿੰਦੇ ਰਹੇ ਕਿ ਤੁਹਾਨੂੰ ਦੋਵਾਂ ਨੂੰ ਗੋਲੀ ਮਾਰ ਦੇਵਾਂਗੇ। ਫਿਰ ਕਿਸੇ ਨੇ ਸਾਡੀਆਂ ਚੀਕਾਂ ਸੁਣ ਕੇ ਪੁਲਿਸ ਨੂੰ ਇਤਲਾਹ ਦਿੱਤੀ ਅਤੇ ਪੁਲਿਸ ਪਾਰਟੀ ਦੇ ਮੌਕਾ ਪਰ ਪੁੱਜਣ ਤੇ ਉਕਤਾਨ ਦੋਸ਼ੀਆਨ ਹਥਿਆਰਾਂ ਸਮੇਤ ਮੌਕੇ ਤੋਂ ਫਰਾਰ ਹੋ ਗਏ। ਬਾਅਦ ਵਿੱਚ ਸਾਨੂੰ ਪੁਲਿਸ ਪਾਰਟੀ ਨੇ ਇਲਾਜ ਲਈ ਸਿਵਲ ਹਸਪਤਾਲ ਖਰੜ ਵਿਖੇ ਦਾਖਲ ਕਰਵਾਇਆ। |
| 5 | ਮੁਕੱਦਮਾ ਨੰ: 474<br>ਮਿਤੀ:29-11-22<br>ਜੁਰਮ:323,341,506,<br>ਆਈ.ਪੀ.ਸੀ.<br>ਥਾਣਾ:- ਜ਼ੀਰਕਪੁਰ | ਵਿਨੇ ਕੁਮਾਰ ਪੁੱਤਰ ਬਬਲੂ ਕੁਮਾਰ ਵਾਸੀ ਪਿੰਡ ਸਿਵਾ ਦਿਵਾਨਾ ਜਿਲਾ ਪਾਣੀਪਤ ਹਰਿਆਣਾ ਹਾਲ ਵਾਸੀ ਕੇਸਰੀ ਪਲਾਜਾ ਜ਼ੀਰਕਪੁਰ<br>ਉਮਰ ਕਰੀਬ 22 ਸਾਲ<br>98176-08036 | ਦੁਕਾਨਦਾਰ ਮੁਹੰਮਦ ਸਾਹਦਾਬ ਖਾਨ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਵੀ.ਆਈ.ਪੀ ਰੋਡ ਮਾਰਕੀਟ ਜ਼ੀਰਕਪੁਰ ਵਿੱਚੋਂ ਕੂੜਾ ਚੁੱਕਣ ਦਾ ਕੰਮ ਕਰਦਾ ਹਾਂ। ਮੈਂ ਕੁੱਝ ਦਿਨ ਪਹਿਲਾਂ ਕੁੜਤਾ ਪਜਾਮਾ ਸਿਲਾਈ ਕਰਾਉਣ ਲਈ ਰੇਅਮੰਡ ਸ਼ੋਰੂਮ ਵਿੱਚ ਗਿਆ ਸੀ। ਕੱਲ ਜਦੋਂ ਮੈਂ ਕੱਪੜੇ ਲੈਣ ਲਈ ਦੁਕਾਨ ਤੇ ਗਿਆ ਤਾਂ ਕੁੜਤਾ ਪਜਾਮਾ ਸਹੀ ਨਹੀਂ ਸੀ। ਜਦੋਂ ਇਸ ਸਬੰਧੀ ਮੈਂ ਦੁਕਾਨਦਾਰ ਨਾਲ ਗੱਲ ਕਰਨ ਲੱਗਾ ਤਾਂ ਉਹ ਮੈਨੂੰ ਲਾਰੇ ਲੱਪੇ ਲਗਾਉਣ ਲੱਗਾ ਅਤੇ ਗਾਲੀ ਗਲੋਚ ਕਰਨ ਲੱਗਾ। ਜਿਸ ਕਰਕੇ ਸਾਡੀ ਹੱਥੋਪਾਈ ਹੋ ਗਈ ਤਾਂ ਉਸਨੇ ਲੋਹੇ ਦੀ ਕੋਈ ਭਾਰੀ ਚੀਜ਼ ਚੁੱਕ ਕੇ ਮੇਰੇ ਸੱਜੇ ਕੰਨ ਪਰ ਮਾਰੀ। ਜਦੋਂ ਮੈਂ ਉਸ ਤੋਂ ਛੁੱਟ ਕੇ ਦੁਕਾਨ ਵਿੱਚੋਂ ਭੱਜਣ ਲੱਗਾ ਤਾਂ ਇਸ ਨੇ ਮੈਨੂੰ ਅੱਗੇ ਆ ਕੇ ਘੇਰ ਲਿਆ ਅਤੇ ਮੇਰੀ ਮਾਰਕੁੱਟ ਕੀਤੀ। ਫਿਰ ਮੌਕਾ ਪਰ ਹੋਰ ਦੁਕਾਨਦਾਰ ਇਕੱਠੇ ਹੋ ਗਏ ਤਾਂ ਉਕਤ ਦੋਸ਼ੀ ਮੈਨੂੰ ਧਮਕੀਆਂ ਦਿੰਦਾ ਹੋਇਆ ਉੱਥੋਂ ਚਲਾ ਗਿਆ। ਮੈਂ ਇਲਾਜ ਲਈ ਸਿਵਲ ਹਸਪਤਾਲ ਢਕੋਲੀ ਗਿਆ ਜਿੱਥੇ ਡਾਕਟਰ ਸਾਹਿਬ ਨੇ ਮੈਨੂੰ ਮੁੱਢਲੀ ਸਹਾਇਤਾ ਦੇ ਕੇ ਜੀ.ਐਮ.ਸੀ.ਐਚ ਸੈਕ:32 ਚੰਡੀਗੜ੍ਹ ਰੈਫਰ ਕਰ ਦਿੱਤਾ। ਜਿਸ ਤੇ ਮੈਂ ਹੁਣ ਉਕਤ ਦੋਸ਼ੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 6 | ਮੁਕੱਦਮਾ ਨੰ:475<br>ਮਿਤੀ:29-11-22<br>ਜੁਰਮ:323,341,506,<br>294,148,149,<br>ਆਈ.ਪੀ.ਸੀ<br>ਥਾਣਾ:- ਜ਼ੀਰਕਪੁਰ | ਰਘਬੀਰ ਲਾਲ ਪੁੱਤਰ ਲੇਟ ਸ੍ਰੀ ਮਾਲਕ ਚੰਦ ਵਾਸੀ ਮਕਾਨ ਨੰ. 312-4 ਸਵਿੱਤਰੀ ਇੰਨਕਲੇਵ 2 ਵੀ.ਆਈ.ਪੀ.ਰੋਡ ਜ਼ੀਰਕਪੁਰ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 51 ਸਾਲ<br>78375-55797 | 1) ਨਰੇਸ਼ ਰਾਣਾ ਠੇਕੇਦਾਰ<br>2) ਤੁਸ਼ਾਰ<br>3) ਬੰਸਲ ਪ੍ਰਾਪਰਟੀ ਵਾਲਾ ਨਾ-ਮਾਲੂਮ ਲੜਕਾ ਅਤੇ 35-40 ਨਾ-ਮਾਲੂਮ ਵਿਅਕਤੀਆਂ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਗੁਲਸ਼ਨ ਰਾਏ ਸਤੀਜਾ ਪਾਸ ਨੌਕਰੀ ਕਰਦਾ ਹਾਂ। ਗੁਲਸ਼ਨ ਰਾਏ ਸਤੀਜਾ ਨੇ ਵੀ.ਆਈ.ਪੀ ਰੋਡ ਜ਼ੀਰਕੁਪਰ ਵਿਖੇ ਪ੍ਰਾਪਰਟੀ ਡੀਲਰ ਦਾ ਦਫਤਰ ਖੋਲਿਆ ਹੋਇਆ ਹੈ ਅਤੇ ਕੁੱਝ ਸ਼ੋਰੂਮ ਵੇਚੇ ਹੋਏ ਹਨ। ਗੁਲਸ਼ਨ ਰਾਏ ਸਤੀਜਾ ਨੇ ਵੀ.ਆਈ.ਪੀ ਸ਼ਾਪਿੰਗ ਸਟੋਰ ਵਿੱਚ 03 ਸ਼ੋਰੂਮ ਨਰੇਸ਼ ਰਾਣਾ ਅਤੇ ਤੁਸਾਰ ਨੂੰ ਕਿਰਾਏ ਤੇ ਦਿੱਤੇ ਹੋਏ ਹਨ ਜਿਹਨਾਂ ਵਿੱਚ ਇਹਨਾਂ ਨੇ ਸ਼ਰਾਬ ਦੇ ਠੇਕੇ ਖੋਲੇ ਹੋਏ ਹਨ। ਅੱਜ ਵਕਤ ਕਰੀਬ 10:30ਏ.ਐਮ ਪਰ ਮੈਨੂੰ ਗੁਲਸ਼ਨ ਸਤੀਜਾ ਨੇ ਫੋਨ ਕਰਕੇ ਵੀ.ਆਈ.ਪੀ. ਸ਼ਾਪਿੰਗ ਸੈਟਰ ਬੁਲਾਇਆ ਜਿੱਥੇ ਉਕਤਾਨ ਦੋਸ਼ੀਆਨ ਗੁਲਸ਼ਨ ਰਾਏ ਸਤੀਜਾ ਨਾਲ ਬਹਿਸਬਾਜੀ ਕਰ ਰਹੇ ਸਨ। ਜਦੋਂ ਅਸੀਂ ਸਾਰੇ ਜਣੇ ਗੱਲਬਾਤ ਕਰਨ ਲਈ ਠੇਕੇ ਦੇ ਅੰਦਰ ਜਾਣ ਲੱਗੇ ਤਾਂ ਠੇਕੇ ਦੇ ਮਾਲਕ ਤੁਸਾਰ ਅਤੇ ਇਸ ਦੇ ਨਾਲ ਆਏ 30-35 ਨਾ-ਮਾਲੂਮ ਵਿਅਕਤੀਆਂ ਨੇ ਗੁਲਸ਼ਨ ਰਾਏ ਸਤੀਜਾ ਨੂੰ ਘੇਰ ਕੇ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਮੈਂ ਅਤੇ ਡਰਾਈਵਰ ਸੁਖਵਿੰਦਰ ਸਿੰਘ ਗੁਲਸ਼ਨ ਰਾਏ ਨੂੰ ਬਚਾਉਣ ਲਈ ਅੰਦਰ ਗਏ ਤਾਂ ਕੁੱਝ ਵਿਅਕਤੀਆਂ ਨੇ ਸਾਡੇ ਨਾਲ ਵੀ ਕੁੱਟਮਾਰ ਕੀਤੀ। ਨਰੇਸ਼ ਰਾਣਾ ਅਤੇ ਤੁਸਾਰ ਨੇ ਆਪਣੇ-2 ਪਿਸਟਲ ਕੱਢ ਕੇ ਸਾਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਅਸੀਂ ਬੜੀ ਮੁਸ਼ਕਿਲ ਨਾਲ ਗੁਲਸ਼ਨ ਰਾਏ ਸਤੀਜਾ ਨੂੰ ਉਕਤਾਨ ਵਿਅਕਤੀਆਂ ਪਾਸੋਂ ਬਚਾ ਕੇ ਬੇਹੋਸ਼ੀ ਦੀ ਹਾਲਤ ਵਿੱਚ ਐਮ.ਕੇਅਰ ਹਸਪਤਾਲ ਜ਼ੀਰਕਪੁਰ ਲੈ ਕੇ ਗਏ ਜਿੱਥੇ ਡਾਕਟਰ ਸਾਹਿਬ ਨੇ ਗੁਲਸ਼ਨ ਰਾਏ ਨੂੰ ਸਿਵਲ ਹਸਪਤਾਲ ਡੇਰਾਬਸੀ ਰੈਫਰ ਕਰ ਦਿੱਤਾ ਜਿੱਥੇ ਉਹ ਜੇਰੇ ਇਲਾਜ ਹੈ। |